www.a2zSubjects.com

# PAPER-II
# PUNJABI

**Signature and Name of Invigilator**

1. (Signature) __________________________
   (Name) ____________________________
2. (Signature) __________________________
   (Name) ____________________________

OMR Sheet No. : ...............................................
(To be filled by the Candidate)

Roll No. | | | | | | | | |
(In figures as per admission card)

Roll No.________________________________
(In words)

J A 0 2 4 1 7

Time : 1 1/4 hours]  [Maximum Marks : **100**

Number of Pages in this Booklet : **12**  Number of Questions in this Booklet : **50**

## Instructions for the Candidates

1. Write your roll number in the space provided on the top of this page.
2. This paper consists of fifty multiple-choice type of questions.
3. At the commencement of examination, the question booklet will be given to you. In the first 5 minutes, you are requested to open the booklet and compulsorily examine it as below :
   (i) To have access to the Question Booklet, tear off the paper seal on the edge of this cover page. Do not accept a booklet without sticker-seal and do not accept an open booklet.
   (ii) **Tally the number of pages and number of questions in the booklet with the information printed on the cover page. Faulty booklets due to pages/questions missing or duplicate or not in serial order or any other discrepancy should be got replaced immediately by a correct booklet from the invigilator within the period of 5 minutes. Afterwards, neither the Question Booklet will be replaced nor any extra time will be given.**
   (iii) After this verification is over, the Test Booklet Number should be entered on the OMR Sheet and the OMR Sheet Number should be entered on this Test Booklet.
   (iv) The test booklet no. and OMR sheet no. should be same. In case of discrepancy in the number, the candidate should immediately report the matter to the invigilator for replacement of the Test Booklet / OMR Sheet.
4. Each item has four alternative responses marked (1), (2), (3) and (4). You have to darken the circle as indicated below on the correct response against each item.
   **Example :** ① ② ● ④
   where (3) is the correct response.
5. Your responses to the items are to be indicated in the **OMR Sheet given inside the Booklet only.** If you mark your response at any place other than in the circle in the OMR Sheet, it will not be evaluated.
6. Read instructions given inside carefully.
7. Rough Work is to be done in the end of this booklet.
8. If you write your Name, Roll Number, Phone Number or put any mark on any part of the OMR Sheet, except for the space allotted for the relevant entries, which may disclose your identity, or use abusive language or employ any other unfair means, such as change of response by scratching or using white fluid, you will render yourself liable to disqualification.
9. You have to return the Original OMR Sheet to the invigilators at the end of the examination compulsorily and must not carry it with you outside the Examination Hall. You are, however, allowed to carry original question booklet on conclusion of examination.
10. **Use only Black Ball point pen.**
11. **Use of any calculator or log table etc., is prohibited.**
12. **There is no negative marks for incorrect answers.**

## परीक्षार्थियों के लिए निर्देश

1. इस पृष्ठ के ऊपर नियत स्थान पर अपना रोल नम्बर लिखिए ।
2. इस प्रश्न-पत्र में पचास बहुविकल्पीय प्रश्न हैं ।
3. परीक्षा प्रारम्भ होने पर, प्रश्न-पुस्तिका आपको दे दी जायेगी । पहले पाँच मिनट आपको प्रश्न-पुस्तिका खोलने तथा उसकी निम्नलिखित जाँच के लिए दिये जायेंगे, जिसकी जाँच आपको अवश्य करनी है :
   (i) प्रश्न-पुस्तिका खोलने के लिए पुस्तिका पर लगी कागज की सील को फाड़ लें । खुली हुई या बिना स्टीकर-सील की पुस्तिका स्वीकार न करें ।
   (ii) **कवर पृष्ठ पर छपे निर्देशानुसार प्रश्न-पुस्तिका के पृष्ठ तथा प्रश्नों की संख्या को अच्छी तरह चैक कर लें कि ये पूरे हैं । दोषपूर्ण पुस्तिका जिनमें पृष्ठ/प्रश्न कम हों या दुबारा आ गये हों या सीरियल में न हों अर्थात किसी भी प्रकार की त्रुटिपूर्ण पुस्तिका स्वीकार न करें तथा उसी समय उसे लौटाकर उसके स्थान पर दूसरी सही प्रश्न-पुस्तिका ले लें । इसके लिए आपको पाँच मिनट दिये जायेंगे । उसके बाद न तो आपकी प्रश्न-पुस्तिका वापस ली जायेगी और न ही आपको अतिरिक्त समय दिया जायेगा ।**
   (iii) इस जाँच के बाद प्रश्न-पुस्तिका का नंबर OMR पत्रक पर अंकित करें और OMR पत्रक का नंबर इस प्रश्न-पुस्तिका पर अंकित कर दें ।
   (iv) प्रश्न पुस्तिका नं. और OMR पत्रक नं. समान होने चाहिए । यदि नंबर भिन्न हों, तो परीक्षार्थी प्रश्न-पुस्तिका / OMR पत्रक बदलने के लिए निरीक्षक को तुरंत सूचित करें ।
4. प्रत्येक प्रश्न के लिए चार उत्तर विकल्प (1), (2), (3) तथा (4) दिये गये हैं । आपको सही उत्तर के वृत्त को पेन से भरकर काला करना है जैसा कि नीचे दिखाया गया है :
   **उदाहरण :** ① ② ● ④
   जबकि (3) सही उत्तर है ।
5. प्रश्नों के उत्तर **केवल प्रश्न पुस्तिका के अन्दर दिये गये OMR पत्रक पर ही** अंकित करने हैं । यदि आप OMR पत्रक पर दिये गये वृत्त के अलावा किसी अन्य स्थान पर उत्तर चिह्नांकित करते हैं, तो उसका मूल्यांकन नहीं होगा ।
6. अन्दर दिये गये निर्देशों को ध्यानपूर्वक पढ़ें ।
7. कच्चा काम (Rough Work) इस पुस्तिका के अन्तिम पृष्ठ पर करें ।
8. यदि आप OMR पत्रक पर नियत स्थान के अलावा अपना नाम, रोल नम्बर, फोन नम्बर या कोई भी ऐसा चिह्न जिससे आपकी पहचान हो सके, अंकित करते हैं अथवा अभद्र भाषा का प्रयोग करते हैं, या कोई अन्य अनुचित साधन का प्रयोग करते हैं, जैसे कि अंकित किये गये उत्तर को मिटाना या सफेद स्याही से बदलना तो परीक्षा के लिये अयोग्य घोषित किये जा सकते हैं ।
9. आपको परीक्षा समाप्त होने पर मूल OMR पत्रक निरीक्षक महोदय को लौटाना आवश्यक है और परीक्षा समाप्ति के बाद उसे अपने साथ परीक्षा भवन से बाहर न लेकर जायें । हालांकि आप परीक्षा समाप्ति पर मूल प्रश्न-पुस्तिका अपने साथ ले जा सकते हैं ।
10. **काले बाल प्वाईंट पेन का ही इस्तेमाल करें ।**
11. **किसी भी प्रकार का संगणक (कैलकुलेटर) या लाग टेबल आदि का प्रयोग वर्जित है ।**
12. **गलत उत्तरों के लिए कोई नकारात्मक अंक नहीं हैं ।**



www.a2zSubjects.com

www.a2zSubjects.com

**PUNJABI**
**ਪੰਜਾਬੀ**

**Paper-II**
**ਪ੍ਰਸ਼ਨ ਪੱਤਰ-II**

**Note :** This paper contains **fifty (50)** objective type questions, each question carrying **two (2)** marks. **All** questions are compulsory.

**ਨੋਟ** : ਇਸ ਪ੍ਰਸ਼ਨ ਪੱਤਰ ਵਿਚ **ਪੰਜਾਹ (50)** ਬਹੁ-ਵਿਕਲਪੀ ਪ੍ਰਸ਼ਨ ਹਨ । ਹਰੇਕ ਪ੍ਰਸ਼ਨ ਦੇ **ਦੋ (2)** ਅੰਕ ਹਨ । **ਸਭ ਪ੍ਰਸ਼ਨਾਂ ਦੇ ਉੱਤਰ ਲਿਖੋ ।**

**1.** ਭਾਸ਼ਾ ਸ਼ਾਸਤਰ ਦਾ ਮੁੱਖ ਖੇਤਰ ਹੈ :

(1) ਧੁਨੀ ਪਰਿਵਰਤਨ ਦਾ ਅਧਿਐਨ
(2) ਅਰਥ ਪਰਿਵਰਤਨ ਦਾ ਅਧਿਐਨ
(3) ਰੂਪ ਪਰਿਵਰਤਨ ਦਾ ਅਧਿਐਨ
(4) ਵਾਕ ਵਟਾਂਦਰੇ ਦਾ ਅਧਿਐਨ

**2.** ਰੂਪ ਵਿਗਿਆਨ ਹੈ :

(1) ਸ਼ਬਦਾਂ ਦਾ ਪ੍ਰਕਾਰਜ ਤੇ ਵਰਤੋਂ
(2) ਸ਼ਬਦਾਂ ਦੀ ਅੰਦਰੂਨੀ ਜੁਗਤ
(3) ਸ਼ਬਦਾਂ ਤੇ ਅਰਥਾਂ ਦਾ ਸੰਬੰਧ
(4) ਵਾਕ ਤੇ ਸ਼ਬਦਾਂ ਦੇ ਆਪਸੀ ਸੰਬੰਧ

**3.** ਅਕਰਮਕ ਕਿਰਿਆ ਦਾ ਸੰਬੰਧ ਹੈ :

(1) ਵਿਉਤਪਤੀ ਨਾਲ
(2) ਵਿਆਕਰਨਕ ਰੂਪਾਂਤਰ ਨਾਲ
(3) ਵਿਆਕਰਨਕ ਅਧਿਕਾਰ ਨਾਲ
(4) ਸ਼ਬਦਾਂ ਦੇ ਵਿਚਰਨ ਨਾਲ

**4.** ਭਾਰਤੀ-ਯੋਰਪੀ ਪਰਿਵਾਰ ਦੀ ਸ਼ਾਖ਼ਾ ਹੈ :

(1) ਆਸਟ੍ਰੇਲੀਅਨ
(2) ਸਿਨੋ-ਤਿੱਬਤੀ
(3) ਕੈਲਟਿਕ
(4) ਹਾਮੀ ਪਰਿਵਾਰ

**5.** ਅਘੋਸ਼ ਧੁਨੀਆਂ ਦਾ ਸੰਬੰਧ ਹੈ :

(1) ਉਚਾਰਨ ਸਥਾਨ ਨਾਲ
(2) ਫੇਫੜਿਆਂ ਦੇ ਕਾਰਜ ਨਾਲ
(3) ਸੁਰ-ਯੰਤਰ ਦੇ ਕਾਰਜ ਨਾਲ
(4) ਨੱਕ-ਪੋਲ ਦੇ ਕਾਰਜ ਨਾਲ

**6.** ਹਾਕਿੱਟ ਅਨੁਸਾਰ ਭਾਸ਼ਾ ਵਿਸ਼ੇਸ਼ਤਾਵਾਂ ਦਾ ਸਹੀ ਜੁੱਟ ਹੈ :

(1) ਉਤਪਾਦਨਤਾ ਤੇ ਪਰਿਵਰਤਨਸ਼ੀਲਤਾ
(2) ਵਿਸਥਾਪਨ ਤੇ ਅੰਤਰ-ਵਟਾਂਦਰਾ
(3) ਕੁਪੱਖਤਾ ਤੇ ਇਕ ਪੱਖਤਾ
(4) ਪਰੰਪਰਾ ਤੇ ਸੱਭਿਆਚਾਰਕ ਰੂਪਾਂਤਰਨ



www.a2zSubjects.com

**7.** ਕਿਹੜਾ ਕਥਨ ਸਹੀ ਨਹੀਂ ਹੈ :

(1) ਕਾਲ ਇਕ ਵਿਆਕਰਨਕ ਸ਼ਰੇਣੀ ਹੈ ।

(2) ਕਾਲ ਦੀ ਸੂਚਨਾ ਕਿਰਿਆ ਤੋਂ ਮਿਲਦੀ ਹੈ ।

(3) ਕਾਲ ਦੀ ਸੂਚਨਾ ਕਿਰਿਆ ਵਿਸ਼ੇਸ਼ਣ ਤੋਂ ਮਿਲਦੀ ਹੈ ।

(4) ਕਾਲ ਦਾ ਸਬੰਧ ਸਮੇਂ ਦੇ ਬਦਲਣ ਨਾਲ ਹੈ ।

**8.** ਸੰਕਲਪ ਤੇ ਚਿੰਤਕ ਦਾ ਸਹੀ ਕ੍ਰਮ ਹੈ :

| **ਸੂਚੀ-I** | **ਸੂਚੀ-II** |
|---|---|
| I. ਪ੍ਰਕਾਰਜੀ ਭਾਸ਼ਾ ਵਿਗਿਆਨ | A. ਯੁੰਗ |
| II. ਮਿੱਥ ਤੇ ਅਰਥ ਪ੍ਰਬੰਧ | B. ਹੈਲੀਡੇ |
| III. ਆਰਕੀਟਾਇਪ | C. ਸੀ. ਐਸ ਪੀਅਰਸ |
| IV. ਪ੍ਰਤੀਕ | D. ਲੇਵੀ ਸਤਰੌਸ |

| | I | II | III | IV |
|---|---|---|---|---|
| (1) | B | D | A | C |
| (2) | A | B | D | C |
| (3) | D | C | B | A |
| (4) | C | A | D | B |

**9.** ਨਿਊਰੋ-ਭਾਸ਼ਾ ਵਿਗਿਆਨ ਨਾਲ ਸੰਬੰਧਿਤ ਕਿਹੜਾ ਜੁੱਟ ਸਹੀ ਹੈ :

(1) ਭਾਸ਼ਾ ਅਤੇ ਚੇਤਨਾ

(2) ਭਾਸ਼ਾ ਅਤੇ ਵਿਚਾਰਧਾਰਾ

(3) ਭਾਸ਼ਾ ਅਤੇ ਮਨੋਵੇਗ

(4) ਭਾਸ਼ਾ ਅਤੇ ਦਿਮਾਗ

**10.** ਉਪ-ਭਾਸ਼ਾ ਦੀ ਹੱਦਬੰਦੀ ਕਰਨ ਦੀ ਵਿਧੀ ਨਹੀਂ ਹੈ :

(1) ਖੇਤਰ ਦੇ ਨਕਸ਼ੇ ਬਣਾਉਣਾ

(2) ਆਈਸੋਗਲਾਸਿਜ ਰੇਖਾਵਾਂ ਰਾਹੀਂ

(3) ਸ਼ਬਦ ਸਮੱਗਰੀ ਇਕੱਠੀ ਕਰਨਾ

(4) ਰੀਤੀ-ਰਿਵਾਜਾਂ ਦੀ ਸਮੱਗਰੀ ਇਕੱਠੀ ਕਰਨਾ

**11.** 'ਕੋਈ ਇਕ ਧੁਨੀ ਕਿਸੇ ਪ੍ਰਸੰਗ ਵਿਚ ਨਿਖੇੜੂ ਹੈ ਤਾਂ ਜ਼ਰੂਰੀ ਨਹੀਂ ਕਿ ਦੂਜੇ ਪ੍ਰਸੰਗ ਵਿਚ ਵੀ ਨਿਖੇੜੂ ਹੀ ਹੋਵੇ' ਕਿਸ ਦਾ ਕਥਨ ਹੈ :

(1) ਡੇਨੀਅਲ ਜੌਨਜ਼

(2) ਈ.ਸੀ.ਫੱਜ਼

(3) ਫਰਥ

(4) ਯਮਸਲੇਵ

**12.** **ਕਥਨ (A) :** ਪਦਾਰਥਕ ਸਭਿਆਚਾਰ ਦਾ ਸਬੰਧ ਭੌਤਿਕ ਸੰਰਚਨਾਵਾਂ ਨਾਲ ਹੈ ਅਤੇ ਚਿਹਨਕ ਸਭਿਆਚਾਰ ਦਾ ਸਬੰਧ ਸੰਕਲਪੀ ਸਭਿਆਚਾਰ ਨਾਲ ।

**ਕਾਰਨ (R) :** ਕਿਉਂਕਿ ਚਿਹਨਕ ਸਭਿਆਚਾਰ ਵਸਤੂ ਜਗਤ ਨੂੰ ਚਿਹਨਕਾਂ ਵਿਚ ਢਾਲਦਾ ਹੈ, ਜਦੋਂ ਕਿ ਪਦਾਰਥਕ ਸਭਿਆਚਾਰ ਦਾ ਚਿਹਨਕਾਂ ਨਾਲ ਕੋਈ ਸਿੱਧਾ ਸਬੰਧ ਨਹੀਂ ।

(1) (A) ਠੀਕ ਹੈ (R) ਅਾਂਸ਼ਕ ਗ਼ਲਤ ਹੈ ।

(2) (R) ਠੀਕ ਹੈ ਤੇ (A) ਗ਼ਲਤ ਹੈ ।

(3) (A) ਅਤੇ (R) ਦੋਵੇਂ ਠੀਕ ਹਨ ।

(4) (A) ਅਤੇ (R) ਦੋਵੇਂ ਗ਼ਲਤ ਹਨ ।



www.a2zSubjects.com

www.a2zSubjects.com

**13.** **ਕਥਨ (A) :** ਡਾ. ਬਲਬੀਰ ਸਿੰਘ ਸੰਧੂ ਨੇ (ਭ) ਤੋਂ (ਘ) ਤਕ ਦੀ ਪਾਲ ਨੂੰ ਗੁਰਮੁਖੀ ਲਿਪੀ ਵਿਚੋਂ ਧੁਨੀ ਵਿਗਿਆਨਕ ਕਾਰਨਾਂ ਕਰਕੇ ਕੱਢ ਦੇਣ ਦੀ ਵਕਾਲਤ ਕੀਤੀ ਹੈ ।

**ਕਾਰਨ (R) :** ਕਿਉਂਕਿ ਸ਼ਬਦ-ਜੋੜਾਂ ਦਾ ਵਰਤਾਰਾ ਉਚਾਰ ਨਾਲ ਸਬੰਧਿਤ ਹੈ ਤੇ ਗੁਰਮੁਖੀ ਉਚਾਰਮੂਲਕ ਲਿਪੀ ਹੈ ਇਸ ਦੇ ਨਾਲ ਹੀ ਜਿਵੇਂ ਭਾਸ਼ਾ ਵਿਚ ਪਰਿਵਰਤਨ ਵਾਪਰਦਾ ਹੈ, ਉਵੇਂ ਹੀ ਲਿਪੀ ਵਿਚ ਤਬਦੀਲੀ ਕਰ ਲੈਣੀ ਉਚਿਤ ਗੱਲ ਹੈ ।

(1) (A) ਅਤੇ (R) ਦੋਵੇਂ ਗ਼ਲਤ ਹਨ ।
(2) (A) ਅਤੇ (R) ਦੋਵੇਂ ਆਂਸ਼ਕ ਗ਼ਲਤ ਹਨ ।
(3) (A) ਸਹੀ ਹੈ ਅਤੇ (R) ਆਂਸ਼ਕ ਸਹੀ ਹੈ ।
(4) (A) ਅਤੇ (R) ਦੋਵੇਂ ਸਹੀ ਹਨ ।

**14.** ਸਾਹਿਤ ਸਮੀਖਿਆ ਦਾ ਖੇਤਰ ਹੈ :

(1) ਰਚਨਾਵਾਂ ਦਾ ਰੂਪ-ਸ਼ਾਸਤਰੀ ਮੁਲਾਂਕਣ
(2) ਰਚਨਾਵਾਂ ਤੇ ਲੇਖਕ ਦੇ ਅੰਤਰ-ਸੰਬੰਧਾਂ ਦਾ ਮੁਲਾਂਕਣ
(3) ਰਚਨਾਵਾਂ ਦਾ ਬਹੁ-ਪੱਧਰੀ ਤੇ ਬਹੁ-ਪਾਸਾਰੀ ਮੁਲਾਂਕਣ
(4) ਰਚਨਾਵਾਂ ਪ੍ਰਤਿ ਪਾਠਕਾਂ ਦੇ ਹੁੰਗਾਰੇ ਦਾ ਮੁਲਾਂਕਣ

**15.** ਸਾਹਿਤ ਤੇ ਸਮਾਜ ਦਾ ਨੇੜਲਾ ਰਿਸ਼ਤਾ ਹੈ, ਕਿਉਂਕਿ

(1) ਸਾਹਿਤ ਸਿਰਫ਼ ਸਮਾਜਿਕ ਪ੍ਰਬੰਧ ਦੀ ਹੀ ਪੇਸ਼ਕਾਰੀ ਕਰਦਾ ਹੈ ।
(2) ਸਾਹਿਤ ਮਨੁੱਖ ਨੂੰ ਸਮਾਜਿਕ ਪ੍ਰਾਣੀ ਮੰਨਦਾ ਹੈ ।
(3) ਸਾਹਿਤ ਮਨੁੱਖ ਅਤੇ ਸਮਾਜਿਕ ਪ੍ਰਬੰਧ ਦੇ ਅੰਤਰ-ਸੰਬੰਧ ਦੀ ਪੇਸ਼ਕਾਰੀ ਕਰਦਾ ਹੈ ।
(4) ਸਾਹਿਤ ਅਤੇ ਸਮਾਜ ਇਕ-ਦੂਜੇ ਉੱਤੇ ਆਧਾਰਿਤ ਸੰਚਾਰ ਪ੍ਰਬੰਧ ਹਨ ।

**16.** **ਕਥਨ (A) :** ਵਾਰ ਅਤੇ ਜੰਗਨਾਮਾ ਦੋਵੇਂ ਰੂਪਾਕਾਰ ਦੀ ਯੁੱਧ ਵਰਨਣ ਅਤੇ ਨਾਇਕ ਸਿਰਜਨ ਦੀਆਂ ਰੂੜ੍ਹੀਆਂ ਦੀ ਵਰਤੋਂ ਕਰਦੇ ਹਨ ਪਰ ਜਿੱਥੇ ਵਾਰ ਸੁਖਾਂਤਕ ਅਤੇ ਦੁਖਾਂਤਕ ਦੋਹਾਂ ਰੂਪਾਂ ਦੀ ਵਰਤੋਂ ਕਰਦੀ ਹੈ, ਉੱਥੇ ਜੰਗਨਾਮਾ ਸਿਰਫ਼ ਦੁਖਾਂਤ ਦੇ ਰੂਪ ਵਿਚ ਹੀ ਪ੍ਰਾਪਤ ਹੁੰਦਾ ਹੈ ।

**ਕਾਰਨ (R) :** ਕਿਉਂਕਿ ਵਾਰ ਭਾਰਤੀ ਰੂਪਾਕਾਰਕ ਪਰੰਪਰਾ ਨਾਲ ਸਬੰਧ ਰਖਦੀ ਹੈ ਅਤੇ ਜੰਗਨਾਮਾ ਸਾਮੀ-ਇਰਾਨੀ ਪਰੰਪਰਾ ਨਾਲ ।

(1) (A) ਅਤੇ (R) ਦੋਵੇਂ ਗ਼ਲਤ ਹਨ ।
(2) (A) ਸਹੀ ਹੈ ਅਤੇ (R) ਗ਼ਲਤ ਹੈ ।
(3) (A) ਅਤੇ (R) ਦੋਵੇਂ ਸਹੀ ਹਨ ।
(4) (A) ਗ਼ਲਤ ਹੈ ਅਤੇ (R) ਸਹੀ ਹੈ ।

**17.** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਸਲੋਕ ਵਾਰਾਂ ਤੇ ਵਧੀਕ' ਸਿਰਲੇਖ ਹੇਠ ਦਰਜ ਕੁੱਲ ਸ਼ਲੋਕ ਹਨ :

(1) 112
(2) 216
(3) 149
(4) 152



www.a2zSubjects.com

www.a2zSubjects.com

**18.** 'ਕਾਫ਼ੀ' ਲਿਖਣ ਵਾਲੇ ਸੂਫ਼ੀ ਕਵੀਆਂ ਦਾ ਸਹੀ ਜੁੱਟ ਹੈ :

(1) ਸ਼ਾਹ ਸਰਫ਼ ਬਟਾਲਵੀ, ਬੁੱਲ੍ਹੇ ਸ਼ਾਹ, ਸੱਚਲ ਸਰਮਸਤ, ਗ਼ੁਲਾਮ ਫ਼ਰੀਦ

(2) ਬੁੱਲ੍ਹੇ ਸ਼ਾਹ, ਸੱਚਲ ਸਰਮਸਤ, ਸ਼ਾਹ ਸਰਫ਼ ਬਟਾਲਵੀ, ਗ਼ੁਲਾਮ ਫ਼ਰੀਦ

(3) ਗ਼ੁਲਾਮ ਫ਼ਰੀਦ, ਬੁੱਲ੍ਹੇ ਸ਼ਾਹ, ਸੱਚਲ ਸਰਮਸਤ, ਸ਼ਾਹ ਸਰਫ਼ ਬਟਾਲਵੀ,

(4) ਸੱਚਲ ਸਰਮਸਤ, ਬੁੱਲ੍ਹੇ ਸ਼ਾਹ, ਸ਼ਾਹ ਸਰਫ਼ ਬਟਾਲਵੀ, ਗ਼ੁਲਾਮ ਫ਼ਰੀਦ

**19.** ਬਾਰਾਂਮਾਹ ਦੇ ਪਰਿਭਾਸਿਕ ਲੱਛਣ ਹਨ :

I. ਨਿਸ਼ਚਿਤ ਛੰਦ-ਪ੍ਰਬੰਧ

II. ਦੇਸੀ ਮਹੀਨਿਆਂ ਦਾ ਆਧਾਰ

III. ਸਥਿਰ ਭਾਵ-ਪ੍ਰਵਾਹ

IV. ਪ੍ਰਕਿਰਤੀ-ਚਿੱਤਰਨ

ਉਪਰੋਕਤ ਵਿਚੋਂ ਸਹੀ ਹਨ :

(1) I ਤੇ II
(2) II ਤੇ III
(3) I ਤੇ IV
(4) II ਤੇ IV

**20.** ਚਿੰਤਕ ਅਤੇ ਰਚਨਾ ਦਾ ਸਹੀ ਕ੍ਰਮ ਹੈ :

| **ਸੂਚੀ-I** | **ਸੂਚੀ-II** |
|---|---|
| I. ਜਾਰਜ ਲੂਕਾਚ | A. How to Read a Poem |
| II. ਰੌਬਰਟ ਸ਼ੋਲਜ਼ | B. Elements of Poetry |
| III. ਟੈਰੀ ਈਰਲਟਨ | C. The Theory of the Novel |
| IV. ਤਜ਼ਵੇਤਨ ਤੋ ਦੋਰੋਵ | D. Introduction to Poetics |

| | I | II | III | IV |
|---|---|---|---|---|
| (1) | B | D | C | A |
| (2) | C | B | A | D |
| (3) | D | C | B | A |
| (4) | A | C | D | B |

**21.** ਰੁਦ੍ਰਟ ਅਨੁਸਾਰ ਕਾਵਿ-ਹੇਤੂ ਹਨ :

(1) ਲੋਕ, ਵਿਦਿਆ, ਪ੍ਰਕੀਰਣ
(2) ਪ੍ਰਤਿਭਾ, ਨਿਪੁੰਨਤਾ, ਅਭਿਆਸ
(3) ਸ਼ਕਤੀ, ਵਿਉਂਤਪੱਤੀ, ਅਭਿਆਸ
(4) ਵਿਦਿਆ, ਸ਼ਕਤੀ, ਨਿਪੁੰਨਤਾ



www.a2zSubjects.com

www.a2zSubjects.com

**22.** ਰਸ ਸੰਪ੍ਰਦਾਇ ਅਨੁਸਾਰ ਸਥਾਈ ਭਾਵ ਉਤਪੰਨ ਕਰਨ ਵਾਲੇ ਵਿਭਾਵਾਂ ਨੂੰ ਕਿਹਾ ਜਾਂਦਾ ਹੈ :

(1) ਅਨੁਭਾਵ (2) ਉੱਦੀਪਨ

(3) ਸੰਚਾਰੀ ਭਾਵ (4) ਆਲੰਬਨ

**23.** 'ਵਰਨਾਂ ਦੀ ਵਿਸ਼ੇਸ਼ ਢੰਗ ਨਾਲ ਜੜਤ ਹੀ ਰੀਤੀ ਹੈ, ਜਿਹੜੀ ਕਾਵਿ-ਗੁਣਾਂ ਅਨੁਸਾਰ ਹੀ ਕੀਤੀ ਜਾਂਦੀ ਹੈ ।' ਕਥਨ ਕਿਸਦਾ ਹੈ :

(1) ਵਾਮਨ (2) ਮੰਮਟ

(3) ਆਨੰਦਵਰਧਨ (4) ਵਿਦਿਯਾਧਰ

**24.** ਗ੍ਰੰਥ 'ਕਾਵਯ-ਮੀਮਾਂਸਾ' ਦੇ ਰਚਨਾਕਾਰ ਹਨ :

(1) ਰਾਜਸ਼ੇਖਰ (2) ਦੰਡੀ

(3) ਵਿਸ਼ਵਾਨਾਥ (4) ਆਚਾਰਯ ਵਿਸ਼ਵੇਸ਼ਵਰ

**25.** ਸਮਕਾਲੀ ਪੱਛਮੀ ਸਾਹਿਤ-ਸਿਧਾਂਤ ਦਾ ਆਧਾਰ ਮੂਲਕ ਜੁੱਟ ਹੈ :

(1) ਨੀਂਹ ਤੇ ਉਸਾਰ (2) ਪਾਠ ਤੇ ਪ੍ਰਵਚਨ

(3) ਬਣਤਰ ਤੇ ਬੁਣਤਰ (4) ਚਿਹਨ ਤੇ ਸੰਰਚਨਾ

**26.** 'Marxism and the Philosophy of Language' ਪੁਸਤਕ ਦਾ ਲੇਖਕ ਹੈ :

(1) ਵੀ. ਐਨ ਵੋਲੋਸੀਨੋਵ (2) ਟੈਰੀ ਈਗਲਟਨ

(3) ਐਨਟੋਨੀਓ ਗ੍ਰਾਮਸ਼ੀ (4) ਮਿਖ਼ਾਇਲ ਬਾਖ਼ਤਿਨ

**27.** **ਕਥਨ (A) :** ਸਾਹਿਤਕ ਭਾਸ਼ਾ ਕਦੇ ਵੀ ਅਸਲ ਵਸਤੂਆਂ ਦੀ ਪੇਸ਼ਕਾਰੀ ਨਹੀਂ ਕਰਦੀ, ਸਗੋਂ ਉਹਨਾਂ ਦੇ ਗਲਪੀ ਰੂਪ ਪੇਸ਼ ਕਰਦੀ ਹੈ । ਇਸੇ ਕਰਕੇ ਇਹੀ-ਗਲਪੀ ਭਾਸ਼ਾ ਸਾਡੇ ਮਨਾਂ ਵਿਚ ਕਾਲਪਨਿਕ ਵਸਤੂਆਂ ਸਿਰਜਣ ਦਾ ਕਾਰਜ ਕਰਦੀ ਹੈ ।

**ਕਾਰਨ (R) :** ਕਿਉਂਕਿ ਸਾਹਿਤਕ ਭਾਸ਼ਾ 'ਵਸਤੂ' ਨਹੀਂ, ਸਗੋਂ ਸ਼ੁੱਧ 'ਰੂਪ' ਦੇ ਸੰਦਰਭ ਵਿਚ ਹੋਂਦਸ਼ੀਲ ਹੁੰਦੀ ਹੈ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(1) (A) ਅਤੇ (R) ਦੋਵੇਂ ਸਹੀ ਹਨ । (2) (A) ਸਹੀ ਹੈ ਅਤੇ (R) ਗ਼ਲਤ ਹੈ ।

(3) (A) ਅਤੇ (R) ਦੋਵੇਂ ਆਂਸ਼ਿਕ ਗ਼ਲਤ ਹਨ । (4) (A) ਗ਼ਲਤ ਹੈ ਅਤੇ (R) ਸਹੀ ਹੈ ।

**28.** ਇਕੋ ਪ੍ਰਣਾਲੀ ਨਾਲ ਸਬੰਧਿਤ ਚਿੰਤਕਾਂ ਦਾ ਸਹੀ ਵਰਗ ਹੈ :

(1) ਕਾਰਲ ਮਾਰਕਸ, ਰੇਮੰਡ ਵਿਲੀਅਮਜ਼, ਰੋਲਾਂ ਬਾਰਤ

(2) ਸੋਸਿਊਰ, ਲੈਵੀ ਸਤਰਾਸ, ਟੈਰੀ ਈਗਲਟਨ

(3) ਮਿਸ਼ੇਲ ਫੂਕੋ, ਯੱਕ ਲਾਕਾਂ, ਜਾਰਜ ਲੂਕਾਚ

(4) ਹੋਮੀ ਭਾ ਭਾ, ਏਜਾਜ਼ ਅਹਿਮਦ, ਐਡਵਰਡ ਸਾਈਦ



www.a2zSubjects.com

www.a2zSubjects.com

**29.** ਸਾਹਿਤ-ਇਤਿਹਾਸ ਲੇਖਨ ਦੇ ਮੁੱਖ ਸਰੋਕਾਰ ਹਨ :

(1) ਸਾਹਿਤਕ ਪ੍ਰਵਿਰਤੀਆਂ, ਕਾਲਵੰਤ, ਧਾਰਮਿਕ ਪਰਿਪੇਖ

(2) ਸਾਹਿਤਕ ਤੱਥ, ਕਾਵਿ-ਸ਼ਾਸਤਰ, ਆਰਥਿਕਤਾ

(3) ਸਾਹਿਤ ਪ੍ਰਵਿਰਤੀਆਂ, ਕਾਲਵੰਡ, ਸਾਹਿਤਕ ਤੱਥ

(4) ਸਾਹਿਤਕ ਤੱਥ, ਸਾਮਾਜਿਕ ਸਥਿਤੀ, ਰਾਜਨੀਤਕ ਇਤਿਹਾਸ

**30.** ਪੰਜਾਬੀ ਸਾਹਿਤ ਦੀ ਸਮੀਖਿਆਤਮਕ ਇਤਿਹਾਸਕਾਰੀ ਨਾਲ ਸੰਬੰਧਿਤ ਵਿਦਵਾਨਾਂ ਦਾ ਸਹੀ ਜੁੱਟ ਹੈ :

(1) ਮੌਲਾ ਬਖ਼ਸ਼ ਕੁਸ਼ਤਾ ਅਤੇ ਰਤਨ ਸਿੰਘ ਜੱਗੀ

(2) ਮੋਹਨ ਸਿੰਘ ਦੀਵਾਨਾ ਅਤੇ ਜੀਤ ਸਿੰਘ ਸੀਤਲ

(3) ਕਿਰਪਾਲ ਸਿੰਘ ਕਸੇਲ ਅਤੇ ਸੁਰਿੰਦਰ ਸਿੰਘ ਕੋਹਲੀ

(4) ਜੀਤ ਸਿੰਘ ਸੀਤਲ ਅਤੇ ਅਜਮੇਰ ਸਿੰਘ

**31.** ਆਧੁਨਿਕ ਸੰਕ੍ਰਾਂਤੀ ਕਾਲ ਦੀ ਮੁੱਖ ਵਿਸ਼ੇਸ਼ਤਾ ਹੈ :

(1) ਯੁੱਗ ਬੋਧ ਦਾ ਤਣਾਉ, ਵਿਅਕਤੀਵਾਦੀ ਪ੍ਰਵਿਰਤੀ, ਨਵ-ਰਹੈਸਵਾਦ

(2) ਸਮਾਜ-ਸੁਧਾਰਕਤਾ, ਰਹੱਸਵਾਦ, ਨਵੇਂ ਪ੍ਰਗਟੀ-ਰੂਪ

(3) ਧਾਰਮਿਕ ਸੰਵਾਦ, ਨੈਤਿਕ ਉਦੇਸ਼, ਸ਼ੈਲੀਗਤ ਪ੍ਰਯੋਗ

(4) ਵਿਸ਼ਵਾਸ਼ ਤੇ ਸ਼ੰਕੇ ਦਾ ਤਣਾਉ, ਆਦਰਸ਼ਕਤਾ, ਰੂਪਾਕਾਰਕ ਤਬਦੀਲੀ

**32.** ਜੁਝਾਰਵਾਦੀ ਕਾਵਿ-ਧਾਰਾ ਦੇ ਵਿਲੱਖਣ ਸਰੋਕਾਰ ਹਨ :

(1) ਪ੍ਰਗਤੀਵਾਦ, ਰੋਹ-ਵਿਦਰੋਹ, ਸੁਹਜ-ਸ਼ਾਸਤਰ

(2) ਰੋਹ ਵਿਦਰੋਹ, ਸੰਚਾਰ-ਪ੍ਰਧਾਨ ਭਾਸ਼ਾ, ਪ੍ਰਯੋਜਨ ਮੂਲਕਤਾ

(3) ਸਮਾਜਕ ਵਿਗਠਨ, ਕ੍ਰਾਂਤੀ, ਕਾਵਿਕਤਾ

(4) ਦਮਨ, ਵਿਦਰੋਹ, ਇਨਕਲਾਬ

**33.** ਲੇਖਕਾਂ ਤੇ ਪੁਸਤਕਾਂ ਦਾ ਕਿਹੜਾ ਕ੍ਰਮ ਸਹੀ ਹੈ :

| **ਸੂਚੀ-I** | **ਸੂਚੀ-II** |
|---|---|
| I. ਬਾਵਾ ਬੁੱਧ ਸਿੰਘ | A. ਪੰਜਾਬੀ ਸਾਹਿਤ ਦਾ ਇਤਿਹਾਸ |
| II. ਕਿਰਪਾਲ ਸਿੰਘ ਤੇ ਪਰਮਿੰਦਰ ਸਿੰਘ | B. ਪੰਜਾਬੀ ਸ਼ਾਇਰਾਂ ਦਾ ਤਜ਼ਕਰਾ |
| III. ਮੌਲਾਬਖ਼ਸ਼ ਕੁਸ਼ਤਾ | C. ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ |
| IV. ਸੁਰਿੰਦਰ ਸਿੰਘ ਕੋਹਲੀ | D. ਬੰਬੀਹਾ ਬੋਲ |

| | I | II | III | IV |
|---|---|---|---|---|
| (1) | A | C | D | B |
| (2) | D | C | B | A |
| (3) | C | B | D | A |
| (4) | D | A | B | C |



www.a2zSubjects.com

www.a2zSubjects.com

**34.** **ਕਥਨ (A) :** ਸਾਹਿਤ-ਇਤਿਹਾਸ ਆਲੋਚਨਾ-ਸੰਗ੍ਰਹਿ ਨਹੀਂ, ਸਗੋਂ ਇਕੋ ਵੇਲੇ ਵਾਚਿਆ ਧਾਰਾ-ਦ੍ਰਿਸ਼ ਤੇ ਉਸਦਾ ਵਿਸਤਾਰ ਹੈ ।

**ਕਾਰਨ (R) :** ਇਸ ਪ੍ਰਕਾਰ ਦੇ ਵਿਸਤਾਰ ਵਿਚ ਮਹਾਨ ਲੇਖਕਾਂ ਤੋਂ ਵੀ ਵਧੇਰੇ ਮਹੱਤਵ ਬਹੁ-ਗਿਣਤੀ ਵਾਲੇ ਅਮਹਾਨ ਲੇਖਕਾਂ ਦਾ ਹੈ, ਕਿਉਂਕਿ ਵਿਸਤਾਰ ਦਾ ਨਿਰਮਾਣ ਕਰਨ ਵਾਲੇ ਇਹੋ ਲੇਖਕ ਹਨ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(1) (A) ਸਹੀ ਹੈ ਅਤੇ (R) ਗ਼ਲਤ ਹੈ । (2) (A) ਅਤੇ (R) ਦੋਵੇਂ ਸਹੀ ਹਨ ।

(3) (A) ਅਤੇ (R) ਦੋਵੇਂ ਗ਼ਲਤ ਹਨ । (4) (A) ਗ਼ਲਤ ਹੈ (R) ਸਹੀ ਹੈ ।

**35.** ਲੋਕਧਾਰਾ ਦੇ ਮੁੱਖ ਅਧਿਐਨ-ਖੇਤਰ ਹਨ :

I. ਸਭਿਆਚਾਰਕ ਨਵੀਨਤਾ

II. ਮਨੁੱਖੀ ਵਿਹਾਰ

III. ਇਤਿਹਾਸ ਅਤੇ ਧਰਮ

IV. ਸੂਖ਼ਮ ਤੇ ਸਥੂਲ ਕਲਾ

ਕਿਹੜਾ ਜੁੱਟ ਸਹੀ ਹੈ :

(1) II ਅਤੇ III (2) I ਅਤੇ IV

(3) II ਅਤੇ IV (4) I ਅਤੇ III

**36.** ਬੁਝਾਰਤਾਂ ਦੇ ਨਿਖੇੜ-ਬਿੰਦੂ ਹਨ :

(1) ਵਿਰਤਾਂਤ ਬੋਧ, ਪ੍ਰੌੜਤਾ ਬੋਧ, ਰੂਪ ਬੋਧ

(2) ਕਰਮ ਬੋਧ, ਬਿੰਬ ਬੋਧ, ਸੰਕਲਪ ਬੋਧ

(3) ਬਿੰਬ ਬੋਧ, ਰੂਪ ਬੋਧ, ਸੰਕਲਪ ਬੋਧ

(4) ਸੰਕਲਪ ਬੋਧ, ਪ੍ਰੌੜਤਾ ਬੋਧ, ਤੁਲਨਾ ਬੋਧ

**37.** 'Folklore and Folk life : An Introduction' ਪੁਸਤਕ ਦਾ ਰਚੈਤਾ ਹੈ :

(1) R.V. Chase (2) Alan Dundes

(3) Richard Dorson (4) W. Crooke



www.a2zSubjects.com

**38.** ਪਾਠ ਅਤੇ ਕਥਾ ਦਾ ਸਹੀ ਕ੍ਰਮ ਹੈ :

| **ਸੂਚੀ-I** | **ਸੂਚੀ-II** |
|---|---|
| I. ਅਲਫ਼ ਲੈਲਾ | A. ਪ੍ਰੀਤ ਕਥਾ |
| II. ਨਮਰੂਦ | B. ਨੀਤੀ ਕਥਾ |
| III. ਪੰਚਤੰਤਰ | C. ਬੁਝਾਵਲ ਕਥਾ |
| IV. ਸੋਰਠ ਬੀਜਾ | D. ਇਸਲਾਮੀ ਅਵਦਾਨ |

| | I | II | III | IV |
|---|---|---|---|---|
| (1) | D | C | A | B |
| (2) | C | D | B | A |
| (3) | A | C | D | B |
| (4) | B | D | C | A |

**39.** 'ਲੋਕ' ਦਾ ਭਾਵ ਹੈ :

(1) ਸਾਂਝੀਆਂ ਪਰੰਪਰਾਵਾਂ ਵਾਲਾ ਵਿਅਕਤੀ ਸਮੂਹ

(2) ਕਿਰਸਾਨੀ ਜੀਵਨ ਅਤੇ ਸਭਿਆਚਾਰ

(3) ਸਾਂਝੀ ਸ਼ਨਾਖ਼ਤ ਅਤੇ ਰੁਚੀ

(4) ਸਾਂਝੇ ਮੁੱਲ ਅਤੇ ਸਮਾਜਕ ਪਰਿਵੇਸ਼

**40.** **ਕਥਨ (A) :** ਲੋਕ ਸਾਹਿਤ ਅਤੇ ਸਾਹਿਤ ਦਾ ਅੰਤਰ ਕੇਵਲ ਸੰਚਾਰ-ਵਿਧੀ ਉਪਰ ਹੀ ਨਹੀਂ, ਸਗੋਂ ਸਿਰਜਨਾ-ਢੰਗ ਉਪਰ ਵੀ ਆਧਾਰਿਤ ਹੈ ।

**ਕਾਰਨ (R) :** ਕਿਉਂਕਿ ਲੋਕਧਾਰਾ ਦੀ ਸਾਮੱਗਰੀ ਲੋਕ ਤੋਂ ਉਤਪੰਨ ਹੁੰਦੀ ਹੈ ਅਤੇ ਸਾਹਿਤ ਦੀ ਕਲਮ ਦੀ ਨੋਕ ਤੋਂ ।

(1) (A) ਸਹੀ ਹੈ ਅਤੇ (R) ਆਂਸ਼ਕ ਸਹੀ ਹੈ ।

(2) (A) ਅਤੇ (R) ਦੋਵੇਂ ਸਹੀ ਹਨ ।

(3) (A) ਗ਼ਲਤ ਹੈ ਅਤੇ (R) ਸਹੀ ਹੈ ।

(4) (A) ਆਂਸ਼ਿਕ ਸਹੀ ਹੈ ਅਤੇ (R) ਗ਼ਲਤ ਹੈ ।

**41.** ਪੰਜਾਬੀ ਸਭਿਆਚਾਰ ਦਾ ਪ੍ਰਮੁੱਖ ਸਮਕਾਲੀ ਝੁਕਾਅ ਹੈ :

(1) ਸਭਿਆਚਾਰਕ ਸਿਰਜਣਾਤਮਕਤਾ ਦੀ ਪੁਨਰ-ਉਸਾਰੀ

(2) ਪਰਵਾਸੀ ਤੇ ਡਾਇਸਪੋਰਕ ਸਭਿਆਚਾਰ ਦੀ ਨਿਰਮਾਣਕਾਰੀ

(3) ਬਹੁ-ਸਭਿਆਚਾਰਕ ਸੰਵਾਦ ਪ੍ਰਤਿ ਚੇਤਨਤਾ

(4) ਸਭਿਆਚਾਰਕ ਮੁੱਲ-ਵਿਧਾਨ ਦੀ ਸਥਾਪਤੀ



www.a2zSubjects.com

www.a2zSubjects.com

**42.** **ਕਥਨ (A) :** ਸਭਿਆਚਾਰ ਦਾ ਭਾਵ ਹੈ ਵਿਸ਼ੇਸ਼ ਭੂ-ਖੰਡ ਵਿਚ ਵਸਦੀ ਲੋਕਾਈ ਦਾ ਜੀਵਨ-ਢੰਗ, ਰਹਿਣ-ਸਹਿਣ ਅਤੇ ਕਦਰਾਂ-ਕੀਮਤਾਂ ।

**ਕਾਰਨ (R) :** ਇਸ ਵਿਚੋਂ ਹੀ ਸਭਿਆਚਾਰਕ ਸਾਪੇਖਤਾ ਅਤੇ ਸਭਿਆਚਾਰੀਕਰਨ ਦਾ ਸਿਧਾਂਤ ਵਿਕਸਿਤ ਹੋਇਆ ।

(1) (A) ਸਹੀ ਹੈ ਅਤੇ (R) ਅਾਂਸ਼ਿਕ ਸਹੀ ਹੈ । (2) (A) ਸਹੀ ਹੈ ਅਤੇ (R) ਗ਼ਲਤ ਹੈ ।

(3) (A) ਅਤੇ (R) ਦੋਵੇਂ ਸਹੀ ਹਨ । (4) (A) ਗ਼ਲਤ ਹੈ ਅਤੇ (R) ਸਹੀ ਹੈ ।

**43.** ਗਿੱਧੇ ਦੇ ਮੰਚਣ ਦੌਰਾਨ ਲੋਕ-ਨਾਟਕੀ ਭਾਸ਼ਾ ਵਿਚ ਮੰਚ ਸਥਾਨ ਨੂੰ ਕਿਹਾ ਜਾਂਦਾ ਹੈ :

(1) ਪ੍ਰੋਸੀਨੀਅਮ (2) ਪਟੜੀ

(3) ਘੱਗਰੀ ਪਿੜ (4) ਇਨ੍ਹਾਂ ਵਿਚੋਂ ਕੋਈ ਨਹੀਂ

**44.** ਲੋਕ ਗੀਤ ਦੇ ਭਾਵਾਤਮਕ ਲੱਛਣ ਹਨ :

I. ਲੈਅ ਯੁਕਤ, ਅਖੰਡੀ

II. ਕਿਰਿਆਤਮਕ, ਛੰਦ ਪ੍ਰਧਾਨ

III. ਭਾਵਨਾਯੁਕਤ, ਸਤੋਗੁਣ ਪ੍ਰਧਾਨ

IV. ਸ਼ਾਂਤ ਚਿੱਤ, ਸੰਵੇਦਨਾ ਭਰਪੂਰ

ਉਪਰੋਕਤ ਵਿਚੋਂ ਸਹੀ ਜੁੱਟ ਹੈ :

(1) I ਅਤੇ IV (2) II ਅਤੇ III

(3) I ਅਤੇ III (4) III ਅਤੇ IV

**45.** ਸਭਿਆਚਾਰਕ ਪਾਠ ਦੇ ਸਰੂਪ ਦੇ ਬੁਨਿਆਦੀ ਤੱਤ ਹਨ :

(1) ਭਾਸ਼ਾ, ਸਮਾਜਕਤਾ, ਭੂਗੋਲਿਕ ਖਿੱਤਾ

(2) ਮਾਨਸਿਕ ਭਾਵ-ਪ੍ਰਬੰਧ, ਰਿਸ਼ਤਾ ਨਾਤਾ ਪ੍ਰਣਾਲੀ, ਸਮੂਹਿਕ ਅਵਚੇਤਨ

(3) ਲੋਕ ਸਮੂਹ, ਮਨੋ-ਮਾਨਸਿਕਤਾ, ਪੁਰਾਤੱਤਵ

(4) ਇਤਿਹਾਸ, ਧਰਮ, ਲੋਕ ਮਾਨਸ

**46.** ਸਟਾਈਲ ਸ਼ੀਟ ਦਾ ਪ੍ਰਕਾਰਜ ਹੈ :

(1) ਖੋਜ ਕਾਰਜ ਨੂੰ ਸੌਖਾ ਤੇ ਪ੍ਰਭਾਵਸ਼ਾਲੀ ਬਣਾਉਣ ਦੀ ਵਿਧੀ

(2) ਖੋਜ ਦਸਤਾਵੇਜ਼ ਨੂੰ ਵਿਉਂਤਣ, ਤਿਆਰ ਕਰਨ ਅਤੇ ਪੇਸ਼ ਕਰਨ ਦੀ ਵਿਧੀ

(3) ਖੋਜ ਵਿਸ਼ੇ ਦੀ ਚੋਣ ਤੇ ਨਿਭਾਉਣ ਦੀ ਵਿਧੀ

(4) ਖੋਜ ਵਿਧੀ ਵਿਚ ਮੁਹਾਰਤ ਹਾਸਲ ਕਰਨ ਦੀ ਜੁਗਤ



www.a2zSubjects.com

www.a2zSubjects.com

**47.** ਪ੍ਰਾਚੀਨ ਭਾਰਤੀ ਲਿਪੀਆਂ ਬਾਰੇ ਖੋਜ ਨਾਲ ਸੰਬੰਧਿਤ ਖੋਜੀ ਹੈ :

(1) ਹੀਰਾ ਨੰਦ ਗੌਰੀ ਸ਼ੰਕਰ ਓਝਾ (2) ਜੀ.ਬੀ. ਸਿੰਘ

(3) ਬਾਬੂ ਰਾਮ ਸਕਸੈਨਾ (4) ਪੀ.ਡੀ. ਗੁਣੇ

**48.** ਖੋਜ ਨੂੰ ਗਹਿਰਾਈ ਤੇ ਜੀਵੰਤ ਸਰੂਪ ਪ੍ਰਦਾਨ ਕਰਦੇ ਹਨ :

(1) ਪੁਸਤਕਾਂ ਅਤੇ ਪੁਸਤਕਾਲੇ

(2) ਸੰਜੀਦਾ ਖੋਜਾਰਥੀ ਅਤੇ ਅਧਿਆਪਕ

(3) ਤਜ਼ਰਬੇਕਾਰ ਖੋਜਾਰਥੀ ਅਤੇ ਨਿਗਰਾਨ

(4) ਖੋਜੀ ਪ੍ਰਵਿਰਤੀ ਵਾਲੇ ਖੋਜਾਰਥੀ ਅਤੇ ਵਿਦਵਾਨ

**49.** ਪੰਜਾਬੀ ਖੋਜ ਅਤੇ ਖੋਜਕਾਰਾਂ ਦਾ ਸਹੀ ਮਿਲਾਨ ਹੈ :

| **ਸੂਚੀ-I** | **ਸੂਚੀ-II** |
|---|---|
| I. ਗੁਰਮਤਿ ਕਾਵਿ | A. ਪਿਆਰ ਸਿੰਘ |
| II. ਵਿਵਹਾਰਕ ਅਧਿਐਨ | B. ਤਰਲੋਕ ਸਿੰਘ ਕੰਵਰ |
| III. ਪਾਠ-ਸਿਧਾਂਤ | C. ਤਾਰਨ ਸਿੰਘ |
| IV. ਹੱਥ ਲਿਖਤ ਸਾਹਿਤ | D. ਹਰਿਭਜਨ ਸਿੰਘ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | I | II | III | IV |
|---|---|---|---|---|
| (1) | A | D | B | C |
| (2) | B | C | D | A |
| (3) | C | D | B | A |
| (4) | B | A | C | D |

**50.** ਪੰਜਾਬੀ ਭਾਸ਼ਾ ਸਬੰਧੀ ਪ੍ਰਮੁੱਖ ਖੋਜਕਾਰਾਂ ਦਾ ਸਹੀ ਵਰਗ ਹੈ :

(1) ਹਰਜੀਤ ਸਿੰਘ ਗਿੱਲ, ਬਲਬੀਰ ਸਿੰਘ ਸੰਧੂ, ਜੋਗਿੰਦਰ ਸਿੰਘ ਪੁਆਰ

(2) ਜੋਗਿੰਦਰ ਸਿੰਘ ਪੁਆਰ, ਸੁਰਜੀਤ ਲੀ, ਪਰਮਜੀਤ ਸਿੰਘ ਸਿਧੂ

(3) ਬਲਬੀਰ ਸਿੰਘ ਸੰਧੂ, ਬਨਾਰਸੀ ਦਾਸ ਜੈਨ, ਕਰਤਾਰ ਸਿੰਘ ਸੂਰੀ

(4) ਹਰਕੀਰਤ ਸਿੰਘ, ਪ੍ਰੇਮ ਪ੍ਰਕਾਸ਼ ਸਿੰਘ, ਪਰਮਜੀਤ ਸਿੰਘ ਸਿੱਧੂ



www.a2zSubjects.com

www.a2zSubjects.com

**Space For Rough Work**



www.a2zSubjects.com